# ਅਧਿਆਇ 40

# ਯਹੋਵਾਹ ਦੀ ਦੂਜੀ ਗੱਲ

## (ਭਾਗ 1)

40 ਅਧਿਆਇ ਵਿਚ, ਯਹੋਵਾਹ ਨੇ ਆਪਣੀ ਪਹਿਲੀ ਗੱਲਬਾਤ ਨੂੰ ਖਤਮ ਕੀਤਾ (40:1, 2) ਅਤੇ ਅੱਯੂਬ ਨੇ ਇਕ ਸੰਖੇਪ ਉੱਤਰ ਦਿੱਤਾ (40:3-5)। ਫਿਰ, ਯਹੋਵਾਹ ਨੇ ਆਪਣੀ ਦੂਜੀ ਗੱਲਬਾਤ ਸ਼ੁਰੂ ਕੀਤੀ (40:6-24)।

ਯਹੋਵਾਹ ਨੇ ਅੱਯੂਬ ਨੂੰ ਅਕਾਸ਼ ਅਤੇ ਧਰਤੀ, ਨਿਰਜੀਵ ਅਤੇ ਸਜੀਵ, ਦੇ ਦੇ ਮਹਾਨ ਰਹੱਸਾਂ ਤੇ ਵਿਚਾਰ ਕਰਨ ਦੇ ਲਈ ਪ੍ਰੇਰਿਤ ਕੀਤਾ ਸੀ। ਉਸ ਨੇ ਉਸ ਨੂੰ ਸਮਝਾ ਦਿੱਤਾ ਸੀ ਕਿ ਪਰਮੇਸ਼ੁਰ ਦੀ ਵਿਵਸਥਾ ਅਕਾਸ਼ ਅਤੇ ਧਰਤੀ ਦੇ ਸਾਰੇ ਪਹਿਲੂਆਂ ਵਿਚ ਵਿਆਪਕ ਹੈ। ਉਹ ਸਾਰੀ ਸ੍ਰਿਸ਼ਟੀ ਦੇ ਲਾਭ ਲਈ ਵੱਖ-ਵੱਖ ਸ਼ਕਤੀਆਂ ਦਾ ਪ੍ਰਬੰਧ ਕਰਦਾ ਹੈ। ਜੇਕਰ ਪਰਮੇਸ਼ੁਰ ਅਕਾਸ਼ ਦੇ ਪੰਛੀਆਂ ਅਤੇ ਬੰਜਰ ਰੇਗਿਸਤਾਨਾਂ ਦੇ ਜੰਗਲੀ ਜਾਨਵਰਾਂ ਲਈ ਪ੍ਰਦਾਨ ਕਰਦਾ ਹੈ, ਤਾਂ ਕੀ ਉਹ ਉਸ ਆਦਮੀ ਲਈ ਪ੍ਰਦਾਨ ਨਹੀਂ ਕਰੇਗਾ ਜੋ ਉਸ ਦੇ ਆਪਣੇ ਸਰੂਪ ਉੱਤੇ ਬਣਾਇਆ ਗਿਆ ਹੈ? ਜੇਕਰ ਉਹ ਭੌਤਿਕ ਖੇਤਰ ਵਿਚ ਨਿਰਪੱਖਤਾ ਨਾਲ ਕੰਮ ਕਰਦਾ ਹੈ, ਤਾਂ ਕੀ ਉਹ ਨੈਤਿਕ ਖੇਤਰ ਵਿਚ ਵੀ ਅਜਿਹਾ ਨਹੀਂ ਕਰੇਗਾ? ਹੋਮਰ ਹੇਲੀ ਨੇ ਕਿਹਾ,

> ਦੋਹਾਂ ਵਿੱਚੋਂ ਕਿਸੇ ਵਿਚ ਵੀ ਪਰਮੇਸ਼ੁਰ ਦੇ ਸ਼ਾਸਨ ਦੀ ਆਲੋਚਨਾ ਕਰਨਾ ਆਪਣੇ ਆਪ ਨੂੰ ਪਰਮੇਸ਼ੁਰ ਨੂੰ ਸਿਖਾਉਣ ਦੇ ਸਮਰੱਥ ਬਣਾਉਣਾ ਸੀ। ਉਸ ਦੇ ਵਿਰੁੱਧ ਲਗਾਏ ਗਏ ਦੋਸ਼ਾਂ ਦੇ ਵਿਚਕਾਰ ਆਪਣੀ ਨਿਰਦੋਸ਼ਤਾ ਦਾ ਬਚਾਅ ਕਰਨਾ ਗਲਤ ਨਹੀਂ ਸੀ; ਪਰ ਪਰਮੇਸ਼ੁਰ ਉੱਤੇ ਉਸ ਦੀ ਦੁਨੀਆ ਦੇ ਬਦਇੰਤਜਾਮੀ ਦਾ ਦੋਸ਼ ਲਾਉਣਾ ਅਤੇ ਉਸ ਉੱਤੇ ਬੇਰਹਿਮੀ ਦਾ ਦੋਸ਼ ਲਾਉਣਾ ਅਤੇ ਉਸ ਨੂੰ ਕਾਨੂੰਨੀ ਮਾਮਲੇ ਵਿਚ ਚੁਣੌਤੀ ਦੇਣਾ ਬਹੁਤ ਹੰਕਾਰੀ ਅਤੇ ਨਿਸ਼ਚਤ ਤੌਰ ਤੇ ਗਲਤ ਸੀ।[1]

ਅੱਯੂਬ ਦੇ ਸਾਹਮਣੇ ਮੁੱਦਾ ਇਹ ਸੀ ਕਿ ਕੀ ਉਹ ਪਰਮੇਸ਼ੁਰ ਉੱਤੇ ਇਕ ਚੰਗੇ ਅਤੇ ਵਫ਼ਾਦਾਰ ਪਰਮੇਸ਼ੁਰ ਦੇ ਰੂਪ ਵਿਚ ਭਰੋਸਾ ਕਰਨਾ ਜਾਰੀ ਰੱਖੇਗਾ ਜਾਂ ਉਸ ਨੂੰ ਆਪਣੇ ਦੁਸ਼ਮਣ ਦੇ ਰੂਪ ਵਿਚ ਰੱਦ ਕਰ ਦੇਵੇਗਾ।

## ਸਿੱਟਾ: ਸਭ ਤੋਂ ਮਹੱਤਵਪੂਰਣ ਗੱਲ (40:1, 2)

**1ਫੇਰ ਯਹੋਵਾਹ ਨੇ ਅੱਯੂਬ ਨੂੰ ਉੱਤਰ ਦਿੱਤੇ ਤੇ ਆਖਿਆ, 2ਭਲਾ, ਝਗੜਾਲੂ ਸਰਬ ਸ਼ਕਤੀਮਾਨ ਨਾਲ ਲੜੇ? ਜਿਹੜਾ ਪਰਮੇਸ਼ੁਰ ਨਾਲ ਬਹਿਸ ਕਰਦਾ ਹੈ, ਉਹ ਉੱਤਰ ਦੇਵੇ।**

**ਆਇਤਾਂ 1, 2.** ਇਸ ਸਮੇਂ, **ਯਹੋਵਾਹ** ਨੇ **ਅੱਯੂਬ** ਨੂੰ ਸਿੱਧਾ ਸੰਬੋਧਿਤ ਕੀਤਾ। ਉਸ ਨੇ ਇਕ ਪ੍ਰਸ਼ਨ ਕੀਤਾ ਜੋ ਉਸ ਨੂੰ ਜ਼ਰੂਰੀ ਮੁੱਦੇ ਵੱਲ ਲੈ ਕੇ ਆਉਂਦਾ ਹੈ: **ਭਲਾ, ਝਗੜਾਲੂ ਸਰਬ**

**ਸ਼ਕਤੀਮਾਨ ਨਾਲ ਲੜੇ?** "ਝਗੜਾਲੂ" (יִסּוֹר, *ਯਿੱਸੋਰ)* ਨਾਂਵ ਸਿਰਫ ਇੱਥੇ ਮੂਲ ਭਾਸ਼ਾ ਵਿਚ ਪਾਇਆ ਜਾਂਦਾ ਹੈ। ਇਹ ਇਕ ਮੂਲ ਸ਼ਬਦ ਤੇ ਅਧਾਰਿਤ ਹੈ ਜਿਸ ਦਾ ਅਰਥ ਹੈ "ਤਾੜਨਾ।"[2] "ਲੜਨਾ" (רִיב, *ਰਿਬ)* ਮੁਕੱਦਮੇ ਵਿਚ ਦਾਖਲ ਹੋਣਾ ਅਤੇ ਅਕਸਰ ਇਸ ਦਾ ਅਰਥ "ਝਗੜਨਾ" ਹੁੰਦਾ ਹੈ।[3] ਜੇਕਰ ਅੱਯੂਬ ਸਰਬ ਸ਼ਕਤੀਮਾਨ ਦੇ ਨਾਲ ਲੜਨ ਦੇ ਯੋਗ ਸੀ, ਤਾਂ ਉਸ ਨੂੰ ਉਨ੍ਹਾਂ ਪ੍ਰਸ਼ਨਾਂ ਦੇ ਉੱਤਰ ਦੇਣ ਦੇ ਲਈ ਤਿਆਰ ਹੋਣਾ ਚਾਹੀਦਾ ਸੀ ਜੋ ਪਰਮੇਸ਼ੁਰ ਨੇ 38 ਅਤੇ 39 ਅਧਿਆਵਾਂ ਵਿਚ ਪੁੱਛੇ ਸਨ।

## ਅੱਯੂਬ ਦਾ ਉੱਤਰ (40:3-5)

**3ਤਾਂ ਅੱਯੂਬ ਨੇ ਯਹੋਵਾਹ ਨੂੰ ਉੱਤਰ ਦੇ ਕੇ ਆਖਿਆ, 4"ਵੇਖ, ਮੈਂ ਨਿਕੰਮਾ ਹਾਂ, ਮੈਂ ਕੀ ਉੱਤਰ ਦੇਵਾਂ? ਮੈਂ ਆਪਣਾ ਹੱਥ ਮੂੰਹ ਤੇ ਰੱਖਦਾ ਹਾਂ। 5ਇੱਕ ਵਾਰ ਮੈਂ ਬੋਲ ਚੁੱਕਿਆ, ਅਤੇ ਮੈਂ ਉੱਤਰ ਨਹੀਂ ਦਿਆਂਗਾ, ਸਗੋਂ ਦੋ ਵਾਰ, ਫੇਰ ਬੱਸ।"**

**ਆਇਤਾਂ 3, 4. ਅੱਯੂਬ** ਦਾ ਉੱਤਰ ਅਧੀਨਗੀ ਅਤੇ ਨਿਮਰਤਾ ਵਾਲਾ ਸੀ। ਉਸ ਨੂੰ ਅਹਿਸਾਸ ਹੋ ਗਿਆ ਸੀ ਕਿ ਉਹ ਪਰਮੇਸ਼ੁਰ ਦੀ ਵਿਸ਼ਾਲ ਸ੍ਰਿਸ਼ਟੀ ਦੀ ਯੋਜਨਾ ਵਿਚ **ਨਿਕੰਮਾ** ਸੀ। ਅੱਯੂਬ ਪਰਮੇਸ਼ੁਰ ਨੂੰ ਉੱਤਰ ਨਹੀਂ ਦੇ ਸਕਿਆ; ਉਸ ਨੇ ਆਪਣਾ **ਹੱਥ** ਆਪਣੇ **ਮੂੰਹ** ਤੇ ਰੱਖ ਲਿਆ (21:5 ਤੇ ਟਿੱਪਣੀਆਂ ਵੇਖੋ)।

**ਆਇਤ 5. ਇੱਕ ਵਾਰ ਮੈਂ ਬੋਲ ਚੁੱਕਿਆ, ਅਤੇ ਮੈਂ ਉੱਤਰ ਨਹੀਂ ਦਿਆਂਗਾ, ਸਗੋਂ ਦੋ ਵਾਰ, ਫੇਰ ਬੱਸ।** ਇਹ ਇਬਰਾਨੀ ਵਿਚ ਇਹ ਕਹਿਣ ਦਾ ਤਰੀਕਾ ਸੀ, "ਮੈਂ ਪਹਿਲਾਂ ਵੀ ਬਹੁਤ ਵਾਰ ਬੋਲ ਚੁੱਕਾ ਹਾਂ।"[4] ਅੱਯੂਬ ਅਧੀਨ ਹੋ ਗਿਆ ਸੀ, ਪਰ ਉਸ ਨੇ ਸੱਚਾ ਪਛਤਾਵਾ ਨਹੀਂ ਕੀਤਾ ਸੀ। ਇਸ ਲਈ, ਯਹੋਵਾਹ ਨੇ ਪ੍ਰਸ਼ਨਾਂ ਦੀ ਦੂਜੀ ਲੜੀ ਸ਼ੁਰੂ ਕੀਤੀ।

## ਯਹੋਵਾਹ ਦੀ ਦੂਜੀ ਗੱਲ ਦੀ ਸ਼ੁਰੂਆਤ (40:6-24)

### ਕੀ ਤੂੰ ਮੇਰੇ ਨਿਆਉਂ ਨੂੰ ਰੱਦ ਕਰੇਂਗਾ? (40:6-9)

**6ਅੱਗੋਂ ਯਹੋਵਾਹ ਨੇ ਅੱਯੂਬ ਨੂੰ ਵਾਵਰੋਲੇ ਵਿੱਚੋਂ ਦੀ ਉੱਤਰ ਦੇ ਕੇ ਆਖਿਆ, 7ਮਰਦ ਵਾਂਙੁ ਜ਼ਰਾ ਆਪਣੀ ਕਮਰ ਕੱਸ। ਮੈਂ ਤੈਥੋਂ ਸਵਾਲ ਕਰਾਂਗਾ, ਅਤੇ ਤੂੰ ਮੈਨੂੰ ਸਮਝਾ। 8ਕੀ ਤੂੰ ਮੇਰੇ ਨਿਆਉਂ ਨੂੰ ਰੱਦ ਕਰੇਂਗਾ? ਕੀ ਤੂੰ ਮੈਨੂੰ ਦੋਸ਼ੀ ਠਹਿਰਾਵੇਂਗਾ ਭਈ ਤੂੰ ਧਰਮੀ ਬਣੇਂ? 9ਕੀ ਤੇਰੀ ਭੁਜਾ ਪਰਮੇਸ਼ੁਰ ਵਰਗੀ ਹੈ, ਅਤੇ ਤੂੰ ਉਹ ਦੇ ਵਰਗੀ ਅਵਾਜ਼ ਨਾਲ ਗੱਜ ਸੱਕਦਾ ਹੈਂ?**

**ਆਇਤਾਂ 6, 7. ਯਹੋਵਾਹ**[ਦੀ] ਦੂਜੀ ਗੱਲਬਾਤ ਪਹਿਲੇ ਫਾਰਮੂਲੇ ਦੇ ਨਾਲ ਸ਼ੁਰੂ ਹੁੰਦੀ ਹੈ (38:1, 3 ਤੇ ਟਿੱਪਣੀਆਂ ਵੇਖੋ)। **ਤੂਫਾਨ** ਸ਼ਬਦ ਉਸੇ ਇਬਰਾਨੀ ਸ਼ਬਦ ਤੋਂ ਆਇਆ ਹੈ ਜਿਸ ਦਾ ਅਨੁਵਾਦ 38:1 ਵਿਚ "ਵਾਵਰੋਲਾ" ਕੀਤਾ ਗਿਆ ਸੀ।

**ਆਇਤ 8. ਕੀ ਤੂੰ ਮੇਰੇ ਨਿਆਉਂ ਨੂੰ ਰੱਦ ਕਰੇਂਗਾ? ਕੀ ਤੂੰ ਮੈਨੂੰ ਦੋਸ਼ੀ ਠਹਿਰਾਵੇਂਗਾ ਭਈ ਤੂੰ ਧਰਮੀ ਬਣੇਂ?** ਅੱਯੂਬ ਨੂੰ ਪੁੱਛੇ ਗਏ ਇਹ ਤਿੱਖੇ ਪ੍ਰਸ਼ਨ ਸਾਨੂੰ ਪੁਸਤਕ ਦੀ ਸਮੱਸਿਆ ਦੇ ਕੇਂਦਰ ਵਿਚ ਲੈ ਕੇ ਆਉਂਦੇ ਹਨ। ਅੱਯੂਬ ਅਤੇ ਪਰਮੇਸ਼ੁਰ ਵਿਚਕਾਰ ਵਿਵਾਦ ਨਿਆਂ ਦੇ ਪ੍ਰਸ਼ਨ ਤੇ ਕੇਂਦਰਿਤ ਹੈ। ਆਪਣੀ ਖੁਦ ਦੀ ਖਰਿਆਈ ਨੂੰ ਬਣਾਈ ਰੱਖਣ ਵਿਚ, ਅੱਯੂਬ ਨੇ ਪਰਮੇਸ਼ੁਰ ਦੀ ਖਰਿਆਈ ਜਾਂ ਨਿਆਂ ਦਾ ਵਿਰੋਧ ਕੀਤਾ ਸੀ। ਸੈਮੂਏਲ ਟੈਰੀਅਨ ਨੇ ਟਿੱਪਣੀ ਕੀਤੀ,

ਅੱਯੂਬ ਨੇ ਜੋ ਕਿ ਨੇਕੀ ਦਾ ਨਮੂਨਾ ਅਤੇ ਨੈਤਿਕਤਾ ਦੀ ਮਿਸਾਲ ਸੀ, ਪਰਮੇਸ਼ੁਰ ਤੋਂ ਆਪਣਾ ਹੱਕ ਪਾਉਣ ਦੀ ਉਮੀਦ ਕੀਤੀ ਸੀ। ਜਦੋਂ ਨਿਰਾਸ਼ ਹੋ ਜਾਂਦਾ ਸੀ ਅਤੇ ਆਪਣੇ ਸਾਰੇ ਸਾਥੀਆਂ ਅਤੇ ਆਪਣੀਆਂ ਖੁਦ ਦੀਆਂ ਨਜ਼ਰਾਂ ਵਿਚ ਜਦੋਂ ਦੋਸ਼ੀ ਠਹਿਰਦਾ ਸੀ, ਤਾਂ ਉਸ ਦੇ ਕੋਲ ਜੋ ਵਿਕਲਪ ਰਹਿ ਜਾਂਦਾ ਸੀ ਉਹ ਇਹ ਸੀ ਕਿ ਉਹ ਜਾਂ ਤਾਂ ਇਹ ਸਵੀਕਾਰ ਕਰੇ ਕਿ ਪਰਮੇਸ਼ੁਰ ਦੀ ਰਹਿਮਤ ਤੇ ਉਸ ਦਾ ਕੋਈ ਦਾਅਵਾ ਨਹੀਂ ਸੀ ਜਾਂ ਉਹ ਉਸ ਦੀ ਆਪਣੀ ਆਤਮ-ਧਾਰਮਿਕਤਾ ਨੂੰ ਬਣਾਈ ਰੱਖਣ ਲਈ ਪਰਮੇਸ਼ੁਰ ਨੂੰ ਗਲਤ ਕਰਾਰ ਦੇਵੇ। ਇਸ ਤਰ੍ਹਾਂ ਕਵੀ ਦੁਬਾਰਾ ਅਤੇ ਸਭ ਤੋਂ ਸਪੱਸ਼ਟ ਰੂਪ ਨਾਲ ਅੱਯੂਬ ਦੇ ਪਾਪ ਨੂੰ ਉਜਾਗਰ ਕਰਦਾ ਹੈ - ਮਨੁੱਖਾਂ ਦੇ ਵਿਰੁੱਧ ਨਿਰਦੇਸ਼ਿਤ ਨੈਤਿਕ ਅਪਰਾਧਾਂ ਦੁਆਰਾ ਉਤਪੰਨ ਚਪਟੀ ਕਿਸਮ ਦਾ ਪਾਪ ਨਹੀਂ, ਬਲਕਿ ਇਕ ਲੰਬਾਕਾਰੀ ਕਿਸਮ ਦਾ ਪਾਪ ਜਿਸ ਦੇ ਦੁਆਰਾ ਇਕ ਪ੍ਰਾਣੀ ਆਪਣੇ ਪਰਮੇਸ਼ੁਰ ਨੂੰ ਸਜ਼ਾ ਸੁਣਾਉਣ ਅਤੇ ਆਪਣੇ ਸਿਰਜਣਹਾਰ ਨੂੰ ਦੋਸ਼ੀ ਠਹਿਰਾਉਣ ਦੀ ਹਿੰਮਤ ਕਰਦਾ ਹੈ।[5]

ਇਹ ਰੱਬੀ ਨਿਆਂ ਦੇ ਦਾਇਰੇ ਵਿਚ ਸੀ ਕਿ ਅੱਯੂਬ ਨੇ ਉਹ ਬੋਲਿਆ ਸੀ ਜੋ ਉਹ ਨਹੀਂ ਜਾਣਦਾ ਸੀ। ਯਹੋਵਾਹ ਦੀ ਦੂਜੀ ਗੱਲਬਾਤ ਵਿਚ ਇਸ ਤੱਥ ਦੇ ਉਜਾਗਰ ਹੋਣ ਦੇ ਕਾਰਣ ਅੱਯੂਬ ਨੇ ਪਸ਼ਚਾਤਾਪ ਕੀਤਾ।

**ਆਇਤ 9.** ਬ੍ਰਹਿਮੰਡ ਦੇ ਰਾਜ ਨੂੰ ਸੰਭਾਲਣ ਦੇ ਯੋਗ ਹੋਣ ਲਈ, ਅੱਯੂਬ ਨੂੰ **ਪਰਮੇਸ਼ੁਰ ਵਰਗੀ ਭੁਜਾ** ਦੀ ਲੋੜ ਸੀ। "ਬਾਂਹ" ਅਤੇ "ਹੱਥ" ਪਵਿੱਤਰ ਵਚਨ ਵਿਚ ਅਕਸਰ ਕਿਸੇ ਦੀ ਸ਼ਕਤੀ ਨੂੰ ਦਰਸਾਉਣ ਲਈ ਵਰਤੇ ਜਾਂਦੇ ਹਨ, ਫਿਰ ਭਾਵੇਂ ਉਹ ਸ਼ਕਤੀ ਮਨੁੱਖੀ ਜਾਂ ਰੱਬੀ ਹੋਵੇ। ਪਰਮੇਸ਼ੁਰ ਦੀ ਸਰਬ-ਸ਼ਕਤੀ ਉਸ ਦੀ ਰਚਨਾ ਅਤੇ ਸ਼ਾਸਨ ਵਿਚ ਸਪੱਸ਼ਟ ਹੈ। ਉਸ ਦੀ **ਅਵਾਜ਼** ਨੇ ਰਚੀ ਗਈ ਹਰ ਇਕ ਚੀਜ਼ ਨੂੰ ਬੁਲਾਇਆ। ਇਬਰਾਨੀਆਂ ਦੇ ਲੇਖਕ ਨੇ ਲਿਖਿਆ, "ਨਿਹਚਾ ਨਾਲ ਅਸੀਂ ਜਾਣਦੇ ਹਾਂ ਭਈ ਜਗਤ ਪਰਮੇਸ਼ੁਰ ਦੇ ਫ਼ਰਮਾਨ ਨਾਲ ਸਾਜਿਆ ਗਿਆ ਅਤੇ ਜੋ ਕੁਝ ਵੇਖਣ ਵਿੱਚ ਆਉਂਦਾ ਹੈ ਸੋ ਡਿੱਠੀਆਂ ਹੋਈਆਂ ਵਸਤਾਂ ਤੋਂ ਨਹੀਂ ਬਣਿਆ ਹੈ" (ਇਬਰਾਨੀਆਂ 11:3)। ਕਿਉਂਕਿ ਮਨੁੱਖ ਪਰਮੇਸ਼ੁਰ ਦੀ ਤੁਲਨਾ ਵਿਚ ਕਮਜ਼ੋਰ ਅਤੇ ਸ਼ਕਤੀਹੀਣ ਹੈ, ਅੱਯੂਬ ਨੂੰ ਪਰਮੇਸ਼ੁਰ ਦੇ ਨਿਆਂ ਨੂੰ ਚੁਣੌਤੀ ਦੇਣ ਦਾ ਕੋਈ ਹੱਕ ਨਹੀਂ ਸੀ (ਵੇਖੋ 33:12; 36:22, 23)।

### ਅੱਯੂਬ ਨੇ ਨਿਆਂਕਾਰ ਦੀ ਭੂਮਿਕਾ ਦੀ ਕਲਪਨਾ ਕਰਨ ਨੂੰ ਚੁਣੌਤੀ ਦਿੱਤੀ (40:10-14)

**10ਆਪਣੇ ਆਪ ਨੂੰ ਮਹਿਮਾ ਤੇ ਪਰਤਾਪ ਨਾਲ ਸਜਾ, ਅਤੇ ਤੇਜ ਤੇ ਉਪਮਾ ਨੂੰ ਪਹਿਨ ਲੈ। 11ਆਪਣੇ ਕਹਿਰ ਦੇ ਹੜ੍ਹਾਂ ਨੂੰ ਵਗਾ ਦੇਹ, ਅਤੇ ਹਰ ਹੰਕਾਰੀ ਨੂੰ ਵੇਖ ਅਤੇ ਅਧੀਨ ਕਰ, - 12ਹਰ ਹੰਕਾਰੀ ਨੂੰ ਵੇਖ ਅਤੇ ਨੀਵਾਂ ਕਰ, ਅਤੇ ਦੁਸ਼ਟਾਂ ਨੂੰ ਉਨ੍ਹਾਂ ਦੇ ਥਾਂ ਵਿੱਚ ਮਿੱਧ ਸੁੱਟ। 13ਉਨ੍ਹਾਂ ਨੂੰ ਇਕੱਠੇ ਧੂੜ ਵਿੱਚ ਲੁਕਾ ਦੇਹ, ਓਹਲੇ ਵਿੱਚ ਉਨ੍ਹਾਂ ਦੇ ਮੂੰਹ ਬੰਨ੍ਹ ਦੇਹ, 14ਤਾਂ ਮੈਂ ਵੀ ਮੰਨ ਲਵਾਂਗਾ, ਕਿ ਤੇਰਾ ਸੱਜਾ ਹੱਥ ਤੈਨੂੰ ਬਚਾ ਸੱਕਦਾ ਹੈ।**

**ਆਇਤਾਂ 10-13.** ਯਹੋਵਾਹ ਨੇ ਅੱਯੂਬ ਨੂੰ ਇਨ੍ਹਾਂ ਆਇਤਾਂ ਵਿਚ ਦਸ ਹੁਕਮਾਂ ਨਾਲ ਇਕ ਨਿਆਂਕਾਰ ਦੀ ਭੂਮਿਕਾ ਨੂੰ ਸਵੀਕਾਰ ਕਰਨ ਦੇ ਲਈ ਬੁਲਾਇਆ। **ਆਪਣੇ ਆਪ ਨੂੰ ਮਹਿਮਾ ਤੇ ਪਰਤਾਪ ਨਾਲ ਸਜਾ, ਅਤੇ ਤੇਜ ਤੇ ਉਪਮਾ ਨੂੰ ਪਹਿਨ ਲੈ** (40:10)। ਇਹ ਸਮਾਜ ਵਿਚ ਸ਼ਕਤੀ ਅਤੇ ਉੱਤਮ ਰੁਤਬੇ ਦੇ ਪ੍ਰਤੀਕ ਹਨ। ਇਹ ਸ਼ਬਦ ਅਕਸਰ ਪਰਮੇਸ਼ੁਰ ਦੇ ਸੰਦਰਭ ਵਿਚ ਵਰਤੇ ਜਾਂਦੇ ਹਨ (ਜ਼ਬੂਰਾਂ 21:5; 45:3, 4; 96:6; 104:1; 111:3)। ਜੇਕਰ ਅੱਯੂਬ ਇਕ ਨਿਆਂਕਾਰ ਵਜੋਂ ਬੈਠਣ ਵਾਲਾ ਸੀ, ਤਾਂ ਉਸ ਨੂੰ ਉਸ ਤਰੀਕੇ ਦਾ ਪਹਿਰਾਵਾ ਪਹਿਨਣਾ

ਅਤੇ ਉਸ ਤਰੀਕੇ ਨਾਲ ਕੰਮ ਕਰਨਾ ਪੈਣਾ ਸੀ ਜੋ ਅਜਿਹੀ ਉੱਚੀ ਪਦਵੀ ਲਈ ਢੁੱਕਵਾਂ ਸੀ।

**ਆਪਣੇ ਕਹਿਰ ਦੇ ਹੜ੍ਹਾਂ ਨੂੰ ਵਗਾ ਦੇਹ ... ਹਰ ਹੰਕਾਰੀ ਨੂੰ ... ਅਤੇ ਦੁਸ਼ਟਾਂ ਨੂੰ ਉਨ੍ਹਾਂ ਦੇ ਥਾਂ ਵਿੱਚ ਮਿੱਧ ਸੁੱਟ** (40:11, 12)। ਅੱਯੂਬ ਨੇ ਪਹਿਲਾਂ ਇਹ ਸੰਕੇਤ ਦਿੱਤਾ ਸੀ ਕਿ ਪਰਮੇਸ਼ੁਰ ਨਿਆਂ ਕਰਨ ਵਿਚ ਅਸਫ਼ਲ ਰਿਹਾ ਸੀ (ਵੇਖੋ 40:8)। ਪਰਮੇਸ਼ੁਰ ਇਸ ਗਲਤ ਧਾਰਣਾ ਨੂੰ ਚੁਣੌਤੀ ਦੇ ਰਿਹਾ ਸੀ। ਉਹ ਅਸਲ ਵਿਚ ਕਹਿ ਰਿਹਾ ਸੀ, "ਅੱਯੂਬ, ਜੇਕਰ ਤੈਨੂੰ ਲੱਗਦਾ ਹੈ ਕਿ ਤੂੰ ਵਧੀਆ ਕੰਮ ਕਰ ਸਕਦਾ ਹੈਂ, ਤਾਂ ਤੂੰ ਇਹ ਅਹੁਦਾ ਕਿਉਂ ਨਹੀਂ ਸੰਭਾਲਦਾ?" ਪਰ, ਪ੍ਰਭਾਵਸ਼ਾਲੀ ਢੰਗ ਨਾਲ ਨਿਆਂ ਕਰਨ ਦੀ ਬੁੱਧੀ ਅਤੇ ਸ਼ਕਤੀ ਸਿਰਫ ਪਰਮੇਸ਼ੁਰ ਕੋਲ ਹੈ।

**ਉਨ੍ਹਾਂ ਨੂੰ ਇਕੱਠੇ ਧੂੜ ਵਿੱਚ ਲੁਕਾ ਦੇਹ, ਓਹਲੇ ਵਿੱਚ ਉਨ੍ਹਾਂ ਦੇ ਮੂੰਹ ਬੰਨ੍ਹ ਦੇਹ** (40:13)। ਇਹ ਦੁਸ਼ਟਾਂ ਨੂੰ ਦਿੱਤੀ ਜਾਣ ਵਾਲੀ ਮੌਤ ਦੀ ਸਜ਼ਾ ਦਾ ਹਵਾਲਾ ਦੇ ਸਕਦੀ ਹੈ। NIV ਬਾਈਬਲ ਕਹਿੰਦੀ ਹੈ, "ਉਨ੍ਹਾਂ ਸਾਰਿਆਂ ਨੂੰ ਇਕੱਠਿਆਂ ਮਿੱਟੀ ਵਿਚ ਦਫ਼ਨਾ ਦੇਹ; ਉਨ੍ਹਾਂ ਦੇ ਚਿਹਰਿਆਂ ਨੂੰ ਕਫ਼ਨ ਨਾਲ ਬੰਨ੍ਹ ਦੇਹ।"

**ਆਇਤ 14. ਤਾਂ ਮੈਂ ਵੀ ਮੰਨ ਲਵਾਂਗਾ, ਕਿ ਤੇਰਾ ਸੱਜਾ ਹੱਥ ਤੈਨੂੰ ਬਚਾ ਸੱਕਦਾ ਹੈ।** ਮਾਰਵਿਨ ਐਚ. ਪੋਪ ਨੇ ਸਮਝਾਇਆ, "ਜੇਕਰ ਅੱਯੂਬ ਉਹ ਕਰ ਸਕਦਾ ਸੀ ਜੋ ਉਹ ਦੋਸ਼ ਲਗਾਉਂਦਾ ਹੈ ਕਿ ਪਰਮੇਸ਼ੁਰ ਨੇ ਕਰਨ ਵਿਚ ਅਣਗਹਿਲੀ ਕੀਤੀ ਸੀ, ਤਾਂ ਉਹ ਖੁਦ ਨੂੰ ਬਚਾ ਸਕਦਾ ਸੀ।"[6] ਪਰ, ਜੇਕਰ ਅੱਯੂਬ ਨੂੰ ਅਹਿਸਾਸ ਹੋ ਗਿਆ ਸੀ ਕਿ ਅਜਿਹੀਆਂ ਚੀਜ਼ਾਂ ਪਰਮੇਸ਼ੁਰ ਦੇ ਹੱਥ ਵਿਚ ਛੱਡ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ, ਤਾਂ ਉਸ ਨੂੰ ਪਰਮੇਸ਼ੁਰ ਨੂੰ "ਇਕ ਸਰਬ ਸ਼ਕਤੀਮਾਨ ਹਾਕਮ, ਨਿਆਈਂ ਅਤੇ ਅਜਿਹੇ ਸਾਰੇ ਮਾਮਲਿਆਂ ਦੇ ਪ੍ਰਬੰਧਕ ਵਜੋਂ" ਪਛਾਣਨਾ ਚਾਹੀਦਾ ਹੈ।[7]

### ਬਹੇਮੋਥ ਦਾ ਵਿਚਾਰ (40:15-24)

**15ਜ਼ਰਾ ਦਰਿਆਈ ਘੋੜੇ ਨੂੰ ਵੇਖ, ਜਿਹ ਨੂੰ ਮੈਂ ਤੇਰੇ ਨਾਲ ਬਣਾਇਆ ਹੈ, ਉਹ ਬਲਦ**
**ਵਾਂਙੁ ਘਾਹ ਖਾਂਦਾ ਹੈ। 16ਵੇਖ ਤਾਂ, ਉਹ ਦਾ ਬਲ ਉਹ ਦੀ ਕਮਰ ਵਿੱਚ ਹੈ, ਅਤੇ ਉਹ ਦਾ**
**ਜ਼ੋਰ ਉਹ ਦੇ ਢਿੱਡ ਦੇ ਪੱਠਿਆਂ ਵਿੱਚ ਹੈ। 17ਉਹ ਆਪਣੀ ਪੂਛ ਦਿਆਰ ਵਾਂਙੁ ਹਿਲਾਉਂਦਾ**
**ਹੈ, ਉਹ ਦੇ ਪੱਟਾਂ ਦੀਆਂ ਨਾੜਾਂ ਇੱਕ ਦੂਜੀ ਨਾਲ ਮਿਲੀਆਂ ਹੋਈਆਂ ਹਨ। 18ਉਹ ਦੀਆਂ**
**ਹੱਡੀਆਂ ਪਿੱਤਲ ਦੀਆਂ ਨਾਲੀਆਂ ਹਨ, ਉਹ ਦੇ ਅੰਗ ਲੋਹੇ ਦੇ ਅਰਲਾਂ ਵਾਂਙੁ ਹਨ। 19ਉਹ**
**ਪਰਮੇਸ਼ੁਰ ਦੇ ਕੰਮਾਂ ਦਾ ਅਰੰਭ ਹੈ, ਉਹ ਦਾ ਕਰਤਾਰ ਹੀ ਆਪਣੀ ਤਲਵਾਰ ਉਹ ਦੇ ਨੇੜੇ**
**ਲਿਆ ਸੱਕਦਾ ਹੈ। 20ਪਹਾੜ ਤਾਂ ਉਹ ਦੇ ਲਈ ਖਾਜਾ ਚੁੱਕੀ ਬੈਠੇ ਹਨ, ਜਿੱਥੇ ਖੇਤ ਦੇ ਸਾਰੇ**
**ਜਾਨਵਰ ਹੱਸਦੇ ਫਿਰਦੇ ਹਨ। 21ਕੰਮੀਆਂ ਦੇ ਫੁੱਲਾਂ ਹੇਠ ਉਹ ਲੇਟਦਾ ਹੈ, ਕਾਨਿਆਂ ਤੇ**
**ਖੋਭਿਆਂ ਦੀ ਓਟ ਵਿੱਚ। 22ਕੰਮੀਆਂ ਦੇ ਬੂਟੇ ਉਹ ਨੂੰ ਆਪਣੇ ਸਾਯੇ ਵਿੱਚ ਲੁਕਾ ਲੈਂਦੇ ਹਨ,**
**ਨਾਲੇ ਦੀਆਂ ਬੈਂਤਾਂ ਉਹ ਨੂੰ ਘੇਰ ਲੈਂਦੀਆਂ ਹਨ। 23ਵੇਖ, ਜੇ ਦਰਿਆ ਧੱਕੇ ਧੋੜੇ ਵੀ ਮਾਰੇ,**
**ਉਹ ਨਹੀਂ ਕੰਬਦਾ, ਭਾਵੇਂ ਯਰਦਨ ਮੂੰਹੋਂ ਮੂੰਹ ਚੜ੍ਹ ਜਾਵੇ, ਉਹ ਬੇਖ਼ੌਫ਼ ਰਹਿੰਦਾ ਹੈ। 24ਉਹ**
**ਦੇ ਵੇਖਦਿਆਂ ਕੌਣ ਉਹ ਨੂੰ ਫੜ ਸੱਕਦਾ ਹੈ, ਯਾ ਝਾਬੂ ਨਾਲ ਉਹ ਨੂੰ ਨੱਥ ਸੱਕਦਾ ਹੈ?**

ਇਸ ਪੈਰ੍ਹੇ ਤੋਂ ਸ਼ੁਰੂ ਕਰਦਿਆਂ ਅਤੇ ਅਧਿਆਇ 41 ਦੇ ਅੰਤ ਤੱਕ ਜਾਰੀ ਰੱਖਦਿਆਂ, ਯਹੋਵਾਹ ਨੇ ਦੋ ਵਿਸ਼ਾਲ ਪ੍ਰਾਣੀਆਂ ਦਾ ਵਰਣਨ ਕੀਤਾ ਜੋ ਸਪੱਸ਼ਟ ਤੌਰ ਤੇ ਮਨੁੱਖ ਦੇ ਨਿਯੰਤਰਣ ਤੋਂ ਬਾਹਰ ਹਨ। ਉਨ੍ਹਾਂ ਨੂੰ ਬਹੇਮੋਥ ਅਤੇ ਲਿਵਯਾਥਾਨ ਕਿਹਾ ਜਾਂਦਾ ਹੈ। (ਵਧੇਰੇ ਜਾਣਕਾਰੀ ਲਈ, ਸਫ਼ੇ 219-21 ਤੇ *ਵਾਧੂ ਅਧਿਐਨ: ਬਹੇਮੋਥ ਅਤੇ ਲਿਵਯਾਥਾਨ* ਵੇਖੋ।) ਜੌਨ ਈ.

ਹਾਰਟਲੀ ਨੇ ਟਿੱਪਣੀ ਕੀਤੀ, "ਇਨ੍ਹਾਂ ਲੰਬੇ ਜਾਨਵਰਾਂ ਦੇ ਚਿੱਤਰਾਂ ਵਿਚ ਯਹੋਵਾਹ ਦਾ ਉਦੇਸ਼ ... ਅੱਯੂਬ ਨੂੰ ਆਪਣੇ ਪ੍ਰਭੂਤੱਵ ਦੇ ਅਧੀਨ ਕਰਨ ਦੇ ਲਈ ਰਾਜੀ ਕਰਨਾ ਹੈ। ਇਨ੍ਹਾਂ ਦੋਹਾਂ ਚਿੱਤਰਾਂ ਵਿਚ ਉਹ ਤ੍ਰਾਸਦੀ ਅਤੇ ਬੇਤੁਕੀਆਂ ਦਲੀਲਾਂ ਦੀ ਵਰਤੋਂ ਦਲੇਰੀ ਦੀਆਂ ਚਾਲਾਂ ਵਜੋਂ ਕਰਦਾ ਹੈ ਜਿਸ ਨਾਲ ਉਹ ਅੱਯੂਬ ਨੂੰ ਉਸ ਦੇ ਰੁਖ ਦੇ ਗੰਭੀਰ ਪਹਿਲੂਆਂ ਬਾਰੇ ਜਾਗਰੂਕ ਕਰ ਸਕਦਾ ਹੈ।"[8]

**ਆਇਤ 15. ਜ਼ਰਾ ਦਰਿਆਈ ਘੋੜੇ ਨੂੰ ਵੇਖ, ਜਿਹ ਨੂੰ ਮੈਂ ਤੇਰੇ ਨਾਲ ਬਣਾਇਆ ਹੈ।** "ਬਹੇਮੋਥ" ... ਦਾ ਬਦਲਵਾਂ ਰੂਪ ਹੈ, ਜੋ "ਦਰਿੰਦੇ" ਲਈ ਇਬਰਾਨੀ ਸ਼ਬਦ ਦਾ ਆਮ ਬਹੁਵਚਨ ਰੂਪ ਹੈ।[9] ਇਹ ਬਹੁਵਚਨ ਰੂਪ ਪੁਰਾਣੇ ਨੇਮ ਵਿਚ ਨੌਂ ਵਾਰ ਆਉਂਦਾ ਹੈ ਅਤੇ ਇਹ ਇਕਮਾਤਰ ਅਜਿਹਾ ਸਮਾਂ ਹੈ ਜਦੋਂ ਇਸ ਦਾ ਲਿੱਪੀਆਂਤਰਣ ਕੀਤਾ ਗਿਆ ਹੈ। ਇਸ ਲਿੱਪੀਆਂਤਰਣ ਦਾ ਕਾਰਣ ਇਹ ਪਛਾਣ ਵਿਚ ਮੁਸ਼ਕਲ ਹੈ ਕਿ ਅਸਲ ਵਿਚ "ਦਰਿੰਦੇ" ਦਾ ਕੀ ਵਰਣਨ ਕੀਤਾ ਜਾ ਰਿਹਾ ਹੈ। ਕੁਝ ਵਿਦਵਾਨ ਦਾਅਵਾ ਕਰਦੇ ਹਨ ਕਿ ਇਹ ਇਕ ਮਿਥਿਹਾਸਕ ਦਰਿੰਦੇ ਦਾ ਹਵਾਲਾ ਦਿੰਦਾ ਹੈ। ਫਿਰ ਵੀ, ਹੇਲੀ ਨਿਸ਼ਚਤ ਤੌਰ ਤੇ ਸਹੀ ਸੀ ਜਦੋਂ ਉਸ ਨੇ ਲਿਖਿਆ, "ਮਿਥਿਹਾਸਕ ਦ੍ਰਿਸ਼ਟੀਕੋਣ ਤੇ ਚਰਚਾ ਕੀਤੇ ਬਗੈਰ, ਕਥਨ 'ਜਿਹ ਨੂੰ ਮੈਂ ਤੇਰੇ ਨਾਲ ਬਣਾਇਆ ਹੈ' ਅਤੇ ਆਇਤ 19 ਵਿਚ ਜੋ ਕਿਹਾ ਗਿਆ ਹੈ, ਇਸ ਪ੍ਰਸ਼ਨ ਨੂੰ ਸੁਲਝਾਉਣਾ ਚਾਹੀਦਾ ਹੈ: ਪਰਮੇਸ਼ੁਰ ਇਕ ਅਸਲੀ ਪ੍ਰਾਣੀ ਦੀ ਗੱਲ ਕਰ ਰਿਹਾ ਸੀ।"[10]

**ਉਹ ਬਲਦ ਵਾਂਙੁ ਘਾਹ ਖਾਂਦਾ ਹੈ।** ਇਸ ਸਮੇਂ, ਬਹੇਮੋਥ ਦਾ ਇਕ ਵਿਸਤ੍ਰਿਤ ਵਰਣਨ ਉਸ ਦੀਆਂ ਆਦਤਾਂ ਅਤੇ ਥਾਂ-ਠਿਕਾਣੇ ਦੇ ਨਾਲ ਸ਼ੁਰੂ ਹੁੰਦਾ ਹੈ। "ਬਲਦ" ਦੀ ਤਰ੍ਹਾਂ, ਉਹ ਸ਼ਾਕਾਹਾਰੀ ਹੈ। ਸ਼ਬਦ "ਘਾਹ" (חָצִיר, *ਚਟਸਰ)* ਇਸ ਦੇ ਕੱਟੇ ਜਾਣ ਤੋਂ ਪਹਿਲਾਂ "ਹਰੇ ਘਾਹ" ਦਾ ਹਵਾਲਾ ਦਿੰਦਾ ਹੈ (ਵੇਖੋ 8:12)।

**ਆਇਤ 16.** ਵਰਣਨ ਇਕ ਅਜਿਹੇ ਜਾਨਵਰ ਦਾ ਹੈ ਜਿਸ ਦੇ ਮੱਧ ਭਾਗ - **ਉਸ ਦੀ ਕਮਰ** ਅਤੇ **ਢਿੱਡ** - ਵਿਚ ਬਹੁਤ **ਬਲ** ਹੈ। ਪੁਰਾਣੇ ਨੇਮ ਵਿਚ, ਕਮਰ ਜਾਂ ਲੱਕ ਬਲ ਦਾ ਇਕ ਕਹਾਵਤੀ ਆਸਣ ਹੈ (ਬਿਵਸਥਾ ਸਾਰ 33:11; ਜ਼ਬੂਰ 69:23; ਨਹੂਮ 2:1)।

**ਆਇਤ 17.** ਬਹੇਮੋਥ ਦੀ **ਪੂਛ** ਦੀ ਤੁਲਨਾ ਕਾਵਿਕ ਤੌਰ ਤੇ ਦਿਆਰ ਦੇ ਰੁੱਖ ਨਾਲ ਕੀਤੀ ਗਈ ਹੈ। ਲਬਾਨੋਨ ਦੇ ਦਿਆਰ ਪ੍ਰਸਿੱਧ ਸਨ, ਜਿਨ੍ਹਾਂ ਦਾ ਜ਼ਿਕਰ ਪੂਰੇ ਪੁਰਾਣੇ ਨੇਮ ਵਿਚ ਅਕਸਰ ਕੀਤਾ ਜਾਂਦਾ ਹੈ। ਤੁਲਨਾ ਵਿਚ ਉਸ ਦੀ ਪੂਛ ਦੀ ਕਠੋਰਤਾ (NJB; NRSV) ਜਾਂ ਸਿੱਧਾਪਣ (NLT) ਸ਼ਾਮਲ ਹੈ, ਜ਼ਰੂਰੀ ਨਹੀਂ ਕਿ ਇਸ ਦਾ ਆਕਾਰ। NIV ਬਾਈਬਲ ਕਹਿੰਦੀ ਹੈ ਕਿ "ਉਸ ਦੀ ਪੂਛ ਦਿਆਰ ਦੀ ਤਰ੍ਹਾਂ ਲਹਿਰਾਉਂਦੀ ਹੈ।"

**ਆਇਤ 18.** ਬਹੇਮੋਥ ਦੇ ਪਿੰਜਰ ਦੇ ਢਾਂਚੇ ਦੀ ਤਾਕਤ ਵੀ ਪ੍ਰਭਾਵਸ਼ਾਲੀ ਹੈ, ਜਿਸ ਦੀ ਤੁਲਨਾ **ਪਿੱਤਲ** ਅਤੇ **ਲੋਹੇ** ਨਾਲ ਕੀਤੀ ਜਾ ਰਹੀ ਹੈ। ਇਨ੍ਹਾਂ ਧਾਤੂਆਂ ਦੀ ਵਰਤੋਂ ਪੂਰੇ ਪੁਰਾਣੇ ਨੇਮ ਵਿਚ ਕਠੋਰਤਾ, ਟਿਕਾਊਪਣ ਅਤੇ ਤਾਕਤ ਦੇ ਪ੍ਰਤੀਕ ਵਜੋਂ ਕੀਤੀ ਜਾਂਦੀ ਹੈ (ਬਿਵਸਥਾ ਸਾਰ 28:23; 2 ਸਮੂਏਲ 22:35; ਅੱਯੂਬ 6:12; 20:24; 41:27; ਜ਼ਬੂਰ 107:16; ਯਸਾਯਾਹ 45:2; 48:4; ਯਿਰਮਿਯਾਹ 1:18; ਮੀਕਾਹ 4:13)। ਵਰਣਨ ਇਕ ਅਜਿਹੇ ਜਾਨਵਰ ਨੂੰ ਦਰਸਾਉਂਦਾ ਹੈ ਜਿਸ ਵਿਚ ਬਹੁਤ ਬਲ ਹੈ ਜਿਸ ਨੇ ਹਰ ਉਸ ਵਿਅਕਤੀ ਵਿਚ ਡਰ ਪੈਦਾ ਕੀਤਾ ਜਿਸ ਨੇ ਵੀ ਉਸ ਦਾ ਸਾਹਮਣਾ ਕੀਤਾ।

**ਆਇਤ 19. ਉਹ ਪਰਮੇਸ਼ੁਰ ਦੇ ਕੰਮਾਂ ਦਾ ਅਰੰਭ ਹੈ।** "ਅਰੰਭ" (רֵאשִׁית, *ਰੀਸ਼ਿਥ)* ਸ਼ਬਦ ਜਾਂ ਤਾਂ ਸਮੇਂ ਜਾਂ ਦਰਜੇ ਨੂੰ ਦਰਸਾ ਸਕਦਾ ਹੈ। ਵਿਲੀਅਮ ਡੀ. ਰੀਬਰਨ ਨੇ ਕਿਹਾ, "ਉਤਪਤ 1:24 ਵਿਚ ਇਬਰਾਨੀ ਸ਼ਬਦ *ਬੀਹੀਮਾਹ*, *ਬਹੇਮੋਥ* ਦਾ ਇਕਵਚਨ, ਪਰਮੇਸ਼ੁਰ

ਦੁਆਰਾ ਬਣਾਏ ਗਏ ਪ੍ਰਾਣੀਆਂ ਦੀ ਸੂਚੀ ਵਿਚ ਅਰੰਭ ਦੇ ਰੂਪ ਵਿਚ ਆਉਂਦਾ ਹੈ ਇਸ ਤੋਂ ਪਹਿਲਾਂ ਕਿ ਉਸ ਨੇ ਮਨੁੱਖ ਨੂੰ ਬਣਾਇਆ।"[11] ਹਾਲਾਂਕਿ, ਇਸ ਮਾਮਲੇ ਵਿਚ, "ਅਰੰਭ" ਦਾ ਸੰਭਵ ਤੌਰ ਤੇ ਅਰਥ ਇਹ ਹੈ ਕਿ ਬਹੇਮੋਥ ਪਰਮੇਸ਼ੁਰ ਦੇ ਪ੍ਰਾਣੀਆਂ ਵਿੱਚੋਂ "ਸਭ ਤੋਂ ਕਮਾਲ" ਦਾ ਹੈ। NEB ਬਾਈਬਲ ਕਹਿੰਦੀ ਹੈ ਕਿ ਉਹ "ਪਰਮੇਸ਼ੁਰ ਦੇ ਕੰਮਾਂ ਦਾ ਸਰਦਾਰ" ਹੈ।

**ਉਹ ਦਾ ਕਰਤਾਰ ਹੀ ਆਪਣੀ ਤਲਵਾਰ ਉਹ ਦੇ ਨੇੜੇ ਲਿਆ ਸੱਕਦਾ ਹੈ।** ਇਹ ਹੈਰਾਨ ਕਰਨ ਵਾਲਾ ਕਥਨ ਹੈ। ਕੀ "ਆਪਣੀ ਤਲਵਾਰ" ਬਹੇਮੋਥ ਦੀ ਹੈ ਜਾਂ ਪਰਮੇਸ਼ੁਰ ਦੀ? NASB ਬਾਈਬਲ ਸਪੱਸ਼ਟ ਤੌਰ ਤੇ ਬਹੇਮੋਥ ਦਾ ਪੱਖ ਪੂਰਦੀ ਹੈ ਕਿਉਂਕਿ "ਆਪਣੀ" ਦੇਵਤੇ ਦੇ ਸੰਦਰਭ ਵਿਚ ਉਸ ਨੂੰ ਵੱਡੇ ਅੱਖਰ ਵਿਚ ਨਹੀਂ ਲਿਖਿਆ ਗਿਆ ਹੈ। ਜੇਕਰ ਇਸ ਤਰ੍ਹਾਂ ਹੁੰਦਾ, ਸ਼ਾਇਦ "ਤਲਵਾਰ" ਜਾਨਵਰ ਦਿਆਂ ਵੱਡਿਆਂ ਦੰਦਾਂ ਵੱਲ ਸੰਕੇਤ ਕਰਦੀ। ਪਰ, ਜ਼ਿਆਦਾਤਰ ਅਨੁਵਾਦ ਇਸ "ਤਲਵਾਰ" ਨੂੰ ਪਰਮੇਸ਼ੁਰ ਦੀ ਸਮਝਦੇ ਹਨ (NIV; NKJV; NRSV; NJPSV)। ਇਸ ਕਥਨ ਦਾ ਸ਼ਾਇਦ ਅਰਥ ਹੈ ਕਿ ਪਰਮੇਸ਼ੁਰ, ਬਹੇਮੋਥ ਨੂੰ ਬਣਾਉਣ ਵਾਲਾ, ਉਸ ਨੂੰ ਆਪਣੇ ਅਧੀਨ ਕਰਨ ਵਿਚ ਸਮਰੱਥ ਹੋਵੇਗਾ (TEV; NCV; CEV; NLT)।

**ਆਇਤ 20.** ਤੱਥ ਇਹ ਹੈ ਕਿ **ਪਹਾੜ** ਜਾਂ "ਪਹਾੜੀਆਂ" (TEV; NIV; NCV) ਬਹੇਮੋਥ ਨੂੰ **ਖਾਜਾ** ਦਿੰਦੇ ਹਨ ਇਸ ਜਾਨਵਰ ਦੀ ਵੱਡੀ ਭੁੱਖ ਤੇ ਜ਼ੋਰ ਦਿੰਦੇ ਹਨ। **ਖੇਤ ਦੇ ਸਾਰੇ ਜਾਨਵਰ** ਉਸ ਨਾਲ ਸ਼ਾਂਤੀ ਨਾਲ ਰਹਿੰਦੇ ਹਨ, ਕਿਉਂਕਿ ਉਹ ਸ਼ਾਕਾਹਾਰੀ ਹੈ।

**ਆਇਤਾਂ 21, 22.** ਇਨ੍ਹਾਂ ਆਇਤਾਂ ਵਿਚ ਬਹੇਮੋਥ ਦੇ ਨਿਵਾਸ ਸਥਾਨ ਦਾ ਵਰਣਨ ਕੀਤਾ ਗਿਆ ਹੈ। ਰੀਬਰਨ ਨੇ ਟਿੱਪਣੀ ਕੀਤੀ, "ਸ਼ਬਦ ਜਿਸ ਦਾ ਅਨੁਵਾਦ *ਕੰਮੀਆਂ ਦੇ ਫੁੱਲਾਂ* ਕੀਤਾ ਗਿਆ ਹੈ ... ਮਿਸਰ ਵਿਚ ਪਾਈ ਜਾਣ ਵਾਲੀ ਪਾਣੀ ਦੀ ਕੰਮੀ ਦਾ ਨਹੀਂ, ਬਲਕਿ ਪੂਰਬੀ ਭੂਮੱਧ ਅਤੇ ਉੱਤਰੀ ਅਫਰੀਕਾ ਵਿਚ ਪਾਏ ਜਾਣ ਵੱਲੇ ਇਕ ਕੰਡੇਦਾਰ ਰੁੱਖ ਦਾ ਹਵਾਲਾ ਦਿੰਦਾ ਹੈ। ਇਹ ਨਮੀ ਵਾਲੇ ਗਰਮ ਇਲਾਕਿਆਂ ਵਿਚ ਫਲਦਾ-ਫੁੱਲਦਾ ਹੈ ਅਤੇ ਗਲੀਲ ਦੀ ਝੀਲ ਦੇ ਆਲੇ-ਦੁਆਲੇ ਭਰਪੂਰ ਮਾਤਰਾ ਵਿਚ ਪਾਇਆ ਜਾਂਦਾ ਹੈ।"[12] ਉਸ ਨੇ ਆਇਤ 21 ਲਈ ਹੇਠਾਂ ਦਿੱਤੇ ਅਨੁਵਾਦ ਦਾ ਸੁਝਾਅ ਦਿੱਤਾ ਸੀ: "ਉਹ ਕੰਡਿਆਲੀ ਝਾੜੀ ਦੇ ਹੇਠ ਲੇਟ ਜਾਂਦਾ ਹੈ ਜਾਂ ਦਲਦਲ ਦੇ ਪਾਣੀ ਵਿਚ ਆਪਣੇ ਆਪ ਨੂੰ ਲੰਬੇ ਘਾਹ ਵਿਚ ਛੁਪਾ ਲੈਂਦਾ ਹੈ।"[13] ਇਨ੍ਹਾਂ ਆਇਤਾਂ ਵਿਚ ਦਿੱਤੇ ਵਰਣਨ ਕਾਰਣ ਕਈਆਂ ਨੇ ਉਸ ਨੂੰ ਦਰਿਆਈ ਘੋੜੇ ਨਾਲ ਪਛਾਣਿਆ ਹੈ (ਸਫ਼ੇ 219-21 ਤੇ *ਵਾਧੂ ਅਧਿਐਨ: ਬਹੇਮੋਥ ਅਤੇ ਲਿਵਯਾਥਾਨ* ਵੇਖੋ)।

**ਆਇਤ 23. ਜੋ ਦਰਿਆ ਧੱਕੇ ਧੋੜੇ ਵੀ ਮਾਰੇ, ਉਹ ਨਹੀਂ ਕੰਬਦਾ।** "ਜਾਨਵਰ ਨਦੀ ਦੇ ਕਿਨਾਰੇ ਜਾਂ ਨਦੀ ਵਿਚ ਵੀ ਆਪਣੀ ਅੱਖਾਂ, ਕੰਨ ਅਤੇ ਨੱਕ ਪਾਣੀ ਤੋਂ ਉੱਪਰ ਰੱਖ ਕੇ ਸੌਂ ਸਕਦਾ ਹੈ; ਪਰ ਇਹ ਗੋਤਾ ਲਗਾ ਸਕਦਾ ਹੈ ਅਤੇ ਤੈਰ ਸਕਦਾ ਹੈ; ਇਸ ਲਈ ਭਾਵੇਂ ਪਾਣੀ ਦੀਆਂ ਧਾਰਾਂ ਅਚਾਣਕ ਉੱਠ ਕੇ ਉਸ ਨਾਲ ਟਕਰਾਉਣ, ਤਾਂ ਵੀ ਉਹ ਘਬਰਾਉਂਦਾ ਨਹੀਂ।"[14] ਸਾਡੇ ਕੋਲ ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਕਿ ਦਰਿਆਈ ਘੋੜੇ ਕਦੀ ਯਰਦਨ ਨਦੀ ਵਿਚ ਰਹਿੰਦੇ ਸਨ। ਪਰ, ਹਾਰਟਲੀ ਨੇ ਸੁਝਾਅ ਦਿੱਤਾ, "ਕਿਉਂਕਿ *ਯਰਦਨ* ਸ਼ਬਦ ਦੀ ਵਰਤੋਂ ਇਕ ਮਜ਼ਬੂਤ ਧਾਰਾ ਦੇ ਨਾਲ ਪ੍ਰਤੀਕਾਤਮਕ ਰੂਪ ਨਾਲ ਕੀਤੀ ਜਾ ਸਕਦੀ ਹੈ, ਇੱਥੇ ਇਹ ਹੜ੍ਹ ਦੀ ਸਥਿਤੀ ਵਿਚ ਨੀਲ ਨੂੰ ਦਰਸਾਉਂਦਾ ਹੈ।"[15]

**ਆਇਤ 24. ਉਹ ਦੇ ਵੇਖਦਿਆਂ ਕੌਣ ਉਹ ਨੂੰ ਫੜ ਸੱਕਦਾ ਹੈ, ਯਾ ਛਾਬੂ ਨਾਲ ਉਹ ਨੂੰ ਨੱਥ ਸੱਕਦਾ ਹੈ?** "ਇਕ ਦਰਿਆਈ ਘੋੜੇ ਦਾ ਸ਼ਿਕਾਰ ਕਰਨ ਲਈ ਇਕ ਮਨਪਸੰਦ ਚਾਲ *ਇਸ ਦੀ ਨੱਕ ਨੂੰ ਨੱਥ ਪਾਉਣਾ* ਸੀ ਤਾਂ ਕਿ ਉਹ ਮੂੰਹ ਨਾਲ ਸਾਹ ਲੈ ਸੱਕਦਾ; ਫਿਰ ਉਸ ਦੇ ਖੁੱਲ੍ਹੇ ਮੂੰਹ ਨਾਲ ਘਾਤਕ ਹਮਲਾ ਕੀਤਾ ਜਾ ਸਕਦਾ ਸੀ।"[16] ਵਰਣਨ ਦੀ ਮੁੱਖ ਗੱਲ ਇਸ ਆਇਤ

ਵਿਚ ਪਹੁੰਚਦੀ ਹੈ: ਇੰਨਾ ਤਾਕਤਵਰ ਜਾਨਵਰ ਬਿਨ੍ਹਾਂ ਕਿਸੇ ਮੁਸ਼ਕਲ ਦੇ ਮਨੁੱਖ ਦੁਆਰਾ ਫੜਿਆ ਨਹੀਂ ਜਾ ਸਕਦਾ। ਉਹ ਖ਼ਤਰਨਾਕ ਹੈ ਅਤੇ ਉਸ ਤੋਂ ਡਰਨਾ ਚਾਹੀਦਾ ਹੈ, ਫਿਰ ਵੀ ਪਰਮੇਸ਼ੁਰ ਨੇ ਉਸ ਨੂੰ ਉਸੇ ਤਰ੍ਹਾਂ ਬਣਾਇਆ ਸੀ ਜਿਵੇਂ ਉਸ ਨੇ ਮਨੁੱਖ ਨੂੰ ਬਣਾਇਆ ਸੀ।

# ਪ੍ਰਾਸੰਗਿਕਤਾ

### ਪਰਮੇਸ਼ੁਰ ਦੇ ਨਾਲ ਲੜਨਾ (40:1-5)

ਆਪਣੀ ਪਹਿਲੀ ਗੱਲਬਾਤ ਦੇ ਅੰਤ ਵਿਚ, ਯਹੋਵਾਹ ਨੇ ਅੱਯੂਬ ਨੂੰ ਜਵਾਬ ਦੇਣ ਦਾ ਮੌਕਾ ਦਿੱਤਾ ਸੀ। ਉਸ ਨੇ ਕਿਹਾ, "ਭਲਾ, ਝਗੜਾਲੂ ਸਰਬ ਸ਼ਕਤੀਮਾਨ ਨਾਲ ਲੜੇ? ਜਿਹੜਾ ਪਰਮੇਸ਼ੁਰ ਨਾਲ ਬਹਿਸ ਕਰਦਾ ਹੈ, ਉਹ ਉੱਤਰ ਦੇਵੇ" (40:2)। ਪਰਮੇਸ਼ੁਰ ਅੱਗੇ ਅੱਯੂਬ ਦਾ ਸੰਖੇਪ ਜਵਾਬ ਨਿਮਰਤਾ ਨਾਲ ਭਰਿਆ ਹੋਇਆ ਸੀ। ਹਾਲਾਂਕਿ ਉਹ "ਪੂਰਬ ਦੇ ਸਾਰੇ ਲੋਕਾਂ ਵਿੱਚ ਸਭ ਤੋਂ ਵੱਡਾ ਮਨੁੱਖ" ਰਿਹਾ ਸੀ (1:3), ਅੱਯੂਬ ਨੇ ਮੰਨਿਆ ਸੀ ਕਿ ਪਰਮੇਸ਼ੁਰ ਦੀ ਤੁਲਨਾ ਵਿਚ ਉਹ "ਤੁੱਛ" ਸੀ। ਉਹ ਸਿਰਫ ਇੰਨਾ ਕਰ ਸਕਦਾ ਸੀ ਕਿ ਉਹ ਆਪਣੇ ਸਿਰਜਣਹਾਰ ਦੇ ਸਾਹਮਣੇ ਚੁੱਪ ਰਹੇ (40:4, 5)।

ਅੱਯੂਬ ਦਾ ਅਨੁਭਵ ਸਾਨੂੰ ਅੱਜ ਪਰਮੇਸ਼ੁਰ ਨਾਲ ਸਾਡੇ ਰਿਸ਼ਤੇ ਬਾਰੇ ਕੀ ਸਿਖਾਉਂਦਾ ਹੈ? (1) ਅਸੀਂ ਇਸ ਸੰਸਾਰ ਅਤੇ ਸਾਡੀ ਜ਼ਿੰਦਗੀ ਬਾਰੇ ਬਹੁਤ ਸਾਰੀਆਂ ਚੀਜ਼ਾਂ ਨੂੰ ਨਹੀਂ ਸਮਝ ਸਕਦੇ, ਪਰ ਪਰਮੇਸ਼ੁਰ ਉਨ੍ਹਾਂ ਸਭਨਾਂ ਨੂੰ ਸਮਝਦਾ ਹੈ। (2) ਸਾਨੂੰ ਪਰਮੇਸ਼ੁਰ ਅੱਗੇ ਪ੍ਰਾਰਥਨਾ ਕਰਨੀ ਚਾਹੀਦੀ ਹੈ ਅਤੇ ਜਾਣਨਾ ਚਾਹੀਦਾ ਹੈ ਕਿ ਜਦੋਂ ਅਸੀਂ ਪ੍ਰਾਰਥਨਾ ਕਰਦੇ ਹਾਂ ਤਾਂ ਉਹ ਸਾਡੀ ਸੁਣਦਾ ਹੈ। (3) ਪਰਮੇਸ਼ੁਰ ਸਾਡੀਆਂ ਪ੍ਰਾਰਥਨਾਵਾਂ ਦਾ ਆਪਣੇ ਤਰੀਕੇ ਨਾਲ ਅਤੇ ਆਪਣੇ ਸਮੇਂ ਵਿਚ ਜਵਾਬ ਦੇਵੇਗਾ। ਪਰਮੇਸ਼ੁਰ ਨਾਲ ਬੇਸਬਰੇ ਬਣਨ ਨਾਲ ਸਾਨੂੰ ਕੋਈ ਲਾਭ ਨਹੀਂ ਹੁੰਦਾ। (4) ਦੁੱਖਾਂ ਦੇ ਵਿਚ ਵੀ ਸਾਨੂੰ ਪਰਮੇਸ਼ੁਰ ਦੇ ਸਾਹਮਣੇ ਸ਼ਰਧਾ ਰੱਖਣੀ ਚਾਹੀਦੀ ਹੈ। ਆਪਣੇ ਨੇ ਆਪਣੇ ਦੋਸ਼ਾਂ ਵਿਚ ਪਰਮੇਸ਼ੁਰ ਅੱਗੇ ਨਿਮਰਤਾ ਦੀਆਂ ਹੱਦਾਂ ਪਾਰ ਕਰ ਦਿੱਤੀਆਂ; ਪਰਮੇਸ਼ੁਰ ਨੇ ਉਸ ਨੂੰ "ਝਗੜਾਲੂ" ਕਿਹਾ। ਜਦ ਕਿ "ਕਿਉਂ" ਤੇ ਸਵਾਲ ਉਠਾਉਣ ਵਿਚ ਕੁਝ ਵੀ ਗਲਤ ਨਹੀਂ ਹੈ, ਪਰ ਪਰਮੇਸ਼ੁਰ ਨੂੰ ਦੋਸ਼ ਦੇਣਾ ਅਪਮਾਨ ਦੇ ਦਾਇਰੇ ਨੂੰ ਪਾਰ ਕਰ ਜਾਂਦਾ ਹੈ। ਜਦੋਂ ਕਿ ਪਰਮੇਸ਼ੁਰ ਪਹੁੰਚ ਯੋਗ ਹੈ, ਉਹ ਅਜੇ ਵੀ ਉੱਚਾ ਅਤੇ ਪਵਿੱਤਰ ਹੈ - ਅਤੇ ਸਾਨੂੰ ਉਸ ਅਨੁਸਾਰ ਉਸ ਦਾ ਆਦਰ ਕਰਨਾ ਚਾਹੀਦਾ ਹੈ।

### ਨਿਆਂਕਾਰ ਦਾ ਪਦ ਲੈਣਾ (40:6-14)

ਅਸੀਂ ਅਕਸਰ ਦੂਜਿਆਂ ਦੇ ਬਾਰੇ ਕਿੰਨੀ ਵਾਰ ਫ਼ੈਸਲੇ ਕਰਦੇ ਹਾਂ, ਸਿਰਫ ਬਾਅਦ ਵਿਚ ਇਹ ਪਤਾ ਲਗਾਉਣ ਲਈ ਕਿ ਅਸੀਂ ਗਲਤ ਸੀ! ਇਨਸਾਨਾਂ ਵਾਂਗ ਗਲਤ ਫ਼ੈਸਲੇ ਕਰਨਾ ਸਾਡੇ ਲਈ ਅਸਾਨ ਹੈ। ਉਦਾਹਰਣ ਦੇ ਲਈ, ਬਾਸਕਟਬਾਲ ਦੀ ਖੇਡ ਵੇਖਦੇ ਸਮੇਂ, ਰੈਫਰੀ ਦੇ ਫ਼ੈਸਲੇ ਤੇ ਪ੍ਰਸ਼ੰਸਕ ਅਕਸਰ ਪਰੇਸ਼ਾਨ ਹੋ ਜਾਂਦੇ ਹਨ। ਹਾਲਾਂਕਿ ਪ੍ਰਸ਼ੰਸਕਾਂ ਦੀਆਂ ਸ਼ਿਕਾਇਤਾਂ ਨੂੰ ਕਈ ਵਾਰ ਜਾਇਜ਼ ਠਹਿਰਾਇਆ ਜਾ ਸਕਦਾ ਹੈ, ਪਰ ਸਟੈਂਡ ਜਾਂ ਘਰ ਬੈਠੇ ਕਿਸੇ ਵਿਅਕਤੀ ਲਈ ਇਹ ਸੋਚਣਾ ਮੁਨਾਸਿਬ ਹੈ ਕਿ ਉਸ ਕੋਲ ਪੰਜ ਫੁੱਟ ਦੀ ਦੂਰੀ ਤੇ ਰੈਫਰੀ ਨਾਲੋਂ ਖੇਡ ਦਾ ਵਧੀਆ ਕੋਣ ਹੈ। ਹਾਲਾਂਕਿ, ਇਹ ਵੀ ਸੱਚ ਹੈ ਕਿ ਰੈਫਰੀ ਇਨਸਾਨ ਹੁੰਦੇ ਹਨ ਅਤੇ ਗਲਤੀਆਂ ਕਰਦੇ ਹਨ।

ਪਰਮੇਸ਼ੁਰ ਨੇ, ਜਿਹੜਾ ਕਦੇ ਗਲਤੀਆਂ ਨਹੀਂ ਕਰਦਾ, ਅੱਯੂਬ ਨੂੰ ਤਾੜਨਾ ਦਿੱਤੀ ਕਿਉਂਕਿ ਉਸ ਨੇ ਉਸ ਉੱਤੇ ਬੇਇਨਸਾਫੀ ਕਰਨ ਦਾ ਦੋਸ਼ ਲਾਇਆ ਸੀ। ਹਾਲਾਂਕਿ ਅੱਯੂਬ ਆਪਣੇ

ਦ੍ਰਿਸ਼ਟੀਕੋਣ ਅਤੇ ਗਿਆਨ ਵਿਚ ਸੀਮਤ ਸੀ, ਫਿਰ ਵੀ ਅੱਯੂਬ ਨੇ ਪਰਮੇਸ਼ੁਰ ਉੱਤੇ ਬੇਇਨਸਾਫੀ ਕਰਨ ਦਾ ਦੋਸ਼ ਲਾਇਆ। ਇਸ ਦੇ ਜਵਾਬ ਵਿਚ, ਪਰਮੇਸ਼ੁਰ ਨੇ ਅੱਯੂਬ ਨੂੰ ਨਿਆਂ ਕਰਨ ਦੇ ਲਈ ਆਪਣੀ ਸ਼ਕਤੀ ਦਾ ਪ੍ਰਯੋਗ ਕਰਦੇ ਹੋਏ, ਇਹ ਨਿਆਂਕਾਰ ਦੀ ਭੂਮਿਕਾ ਨਿਭਾਉਣ ਦੀ ਚੁਣੌਤੀ ਦਿੱਤੀ। ਬੇਸ਼ੱਕ, ਅੱਯੂਬ ਇਹ ਨਹੀਂ ਕਰ ਸਕਿਆ; ਉਸ ਦੀ "ਭੁਜਾ ਪਰਮੇਸ਼ੁਰ ਵਰਗੀ ਨਹੀਂ" ਸੀ, ਨਾ ਹੀ ਉਹ "ਉਹ ਦੇ ਵਰਗੀ ਅਵਾਜ਼ ਨਾਲ ਗੱਜ ਸੱਕਦਾ" ਸੀ (40:9)

ਮਸੀਹੀ ਲੋਕਾਂ ਨੂੰ ਸਾਵਧਾਨ ਰਹਿਣਾ ਚਾਹੀਦਾ ਹੈ ਕਿ ਉਹ ਪਰਮੇਸ਼ੁਰ ਦੀ ਥਾਂ ਤੇ ਬੈਠਣ ਦਾ ਅਨੁਮਾਨ ਨਾ ਲਾਉਣ। ਇਕ ਪਾਸੇ, ਇਸ ਦਾ ਅਰਥ ਇਹ ਨਹੀਂ ਹੈ ਕਿ ਅਸੀਂ ਕਦੇ ਵੀ ਪਾਪ ਦੇ ਬਾਰੇ ਨਿਰਣੇ ਨਹੀਂ ਲੈਂਦੇ। ਅੱਜ ਬਾਈਬਲ ਦੀ ਅਕਸਰ ਗਲਤ ਇਸਤੇਮਾਲ ਹੋਣ ਵਾਲੀ ਮੂਲ ਲਿਖਤ ਮੱਤੀ 7:1 ਹੈ: "ਦੋਸ਼ ਨਾ ਲਾਓ ਤਾਂ ਜੋ ਤੁਹਾਡੇ ਉੱਤੇ ਦੋਸ਼ ਲਾਇਆ ਨਾ ਜਾਏ।" ਯਿਸੂ ਕਪਟ ਅਤੇ ਦੂਜਿਆਂ ਨੂੰ ਉਨ੍ਹਾਂ ਦੇ ਪਾਪਾਂ ਤੇ ਕਾਬੂ ਪਾਉਣ ਵਿਚ ਸਹਾਇਤਾ ਕਰਨ ਤੋਂ ਪਹਿਲਾਂ ਸਵੈ-ਜਾਂਚ ਦੀ ਜ਼ਰੂਰਤ ਬਾਰੇ ਚਿਤਾਵਨੀ ਦੇ ਰਿਹਾ ਸੀ। ਉਸ ਨੇ ਕਿਹਾ ਕਿ ਜਦੋਂ ਅਸੀਂ ਸਪੱਸ਼ਟ ਤੌਰ ਤੇ ਵੇਖ ਸਕਦੇ ਹਾਂ, ਤਦ ਅਸੀਂ ਆਪਣੇ ਭਰਾ ਦੀ ਅੱਖ ਵਿੱਚੋਂ ਕੱਖ ਨੂੰ ਕੱਢਣਾ ਹੈ (ਮੱਤੀ 7:5)। ਫਿਰ ਉਸ ਨੇ "ਕੁੱਤਿਆਂ" ਅਤੇ "ਝੂਠੇ ਨਬੀਆਂ" ਬਾਰੇ ਚਿਤਾਵਨੀ ਦਿੱਤੀ ਜੋ ਕਿ ਦੋ ਅਜਿਹੇ ਪਦ ਨਾਂ ਹਨ ਜੋ ਸਪੱਸ਼ਟ ਰੂਪ ਵਿਚ ਨਿਰਣਾ ਕਰਨ ਦੀ ਮੰਗ ਕਰਦੇ ਹਨ (ਮੱਤੀ 7:6, 15)।

ਦੂਜੇ ਪਾਸੇ, ਇਸ ਦਾ ਅਰਥ ਇਹ ਹੈ ਕਿ ਪਰਮੇਸ਼ੁਰ ਅਖੀਰਲਾ ਨਿਆਂਕਾਰ ਹੈ। ਆਪਣੇ ਦੁਸ਼ਮਣਾਂ ਕੋਲੋਂ ਬਦਲਾ ਲੈਣਾ ਸਾਡਾ ਕੰਮ ਨਹੀਂ ਹੈ। ਪੌਲੁਸ ਨੇ ਲਿਖਿਆ, "ਹੇ ਪਿਆਰਿਓ, ਆਪਣਾ ਬਦਲਾ ਨਾ ਲਓ ਪਰ ਕ੍ਰੋਧ ਨੂੰ ਜਾਣ ਦਿਓ ਕਿਉਂ ਜੋ ਲਿਖਿਆ ਹੋਇਆ ਹੈ ਕਿ ਪ੍ਰਭੂ ਆਖਦਾ ਹੈ ਭਈ 'ਬਦਲਾ ਲੈਣਾ ਮੇਰਾ ਕੰਮ ਹੈ, ਮੈਂ ਹੀ ਵੱਟਾ ਲਾਹਵਾਂਗਾ'" (ਰੋਮੀਆਂ 12:19)। ਜਦ ਕਿ ਅਸੀਂ ਵਚਨ ਦੇ ਮਿਆਰ ਦੇ ਆਧਾਰ ਤੇ ਮਨੁੱਖਾਂ ਨੂੰ ਮਨਾਉਣ ਦੀ ਕੋਸ਼ਿਸ਼ ਕਰਦੇ ਹਾਂ (ਯੂਹੰਨਾ 12:48), ਮਸੀਹ ਹੀ ਉਹ ਹੈ ਜੋ ਆਖ਼ਰਕਾਰ ਨਿਆਂ ਕਰੇਗਾ ਕਿ ਕੌਣ ਨਾਸ ਹੋ ਗਿਆ ਹੈ ਅਤੇ ਕੌਣ ਬਚਾਇਆ ਗਿਆ ਹੈ (ਮੱਤੀ 25:31-46; 2 ਕੁਰਿੰਥੀਆਂ 5:10)। ਨਿਆਂਕਾਰ ਦਾ ਪਦ ਲੈਣਾ ਸਾਡਾ ਕੰਮ ਨਹੀਂ ਹੈ।ਡੀ.

ਡੀ. ਸਟੀਵਰਟ

---

## ਟਿੱਪਣੀਆਂ

[1]ਹੋਮਰ ਹੇਲੀ, *ਏ ਕਮੈਂਟਰੀ ਆਨ ਅੱਯੂਬ* (ਐੱਨ.ਪੀ.: ਰੀਲੀਜੀਅਸ ਸਪਲਾਈ, ਇੰਕ., 1994), 349. [2]ਲੁਡਵਿਗ ਕੋਹਲਰ ਅਤੇ ਵਾਲਟਰ ਬਾਉਮਗਾਰਟਨਰ, *ਦ ਹਿਬਰਿਊ ਐਂਡ ਅਰਾਮਿਕ ਲੈਕਸੀਕਨ ਆਫ਼ ਦਿ ਓਲਡ ਟੈਸਟਾਮੈਂਟ*, ਅਧਿਐਨ ਸੰਪਾ, ਅਨੁਵਾਦ ਅਤੇ ਸੰਪਾਦਨ ਐਮ. ਈ. ਜੇ. ਰਿਚਰਡਸਨ (ਬੋਸਟਨ: ਬਰਿੱਲ, 2001), 1:417-18. [3]ਉਸੇ ਸਥਾਨ ਤੇ, 2:1225-26. [4]ਰੋਬਰਟ ਐਲ. ਐਲਡਨ, *ਅੱਯੂਬ*, ਦ ਨਿਊ ਅਮੈਰੀਕਨ ਕਮੈਂਟਰੀ (ਐੱਨ.ਪੀ.: ਬਰੋਡਮੈਨ ਅਤੇ ਹੋਲਮੈਨ ਪਬਲਿਸ਼ਰਜ਼, 1993), 392. [5]ਸੈਮੂਏਲ ਟੈਰੇਨ, "ਦ ਬੁਕ ਆਫ਼ *ਅੱਯੂਬ*: ਇੰਟਰੋਡਕਸ਼ਨ ਐਂਡ ਐਕਸਜੀਸਿਸ," *ਦਿ ਇੰਟਰਪਰੇਟਰਸ ਬਾਈਬਲ*, ਸੰਪਾ, ਜੌਰਜ ਆਰਥਰ ਬੁਟਰਿਕ (ਨੈਸ਼ਵਿਲੇ: ਅਬਿੰਗਡਨ ਪ੍ਰੈਸ, 1954), 3:1185. [6]ਮਾਰਵਿਨ ਐਚ. ਪੋਪ, *ਅੱਯੂਬ*, ਦਿ ਐਂਕਰ ਬਾਈਬਲ, ਜਿਲਦ 15 (ਗਾਰਡਨ ਸਿਟੀ, ਨਿਊ ਯਾਰਕ: ਡੱਬਲਡੇਅ ਐਂਡ ਕੰਪਨੀ, ਇੰਕ., 1965), 268. [7]ਹੇਲੀ, 351. [8]ਜੌਨ ਈ. ਹਾਰਟਲੀ, *ਦ ਬੁਕ ਆਫ਼ ਅੱਯੂਬ*, ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦਿ ਓਲਡ ਟੈਸਟਾਮੈਂਟ (ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1988), 521. [9]ਕੋਹਲਰ ਅਤੇ ਬਾਉਮਗਾਰਟਨਰ, 1:111-12. [10]ਹੇਲੀ, 352.

[11]ਵਿਲੀਅਮ ਡੀ. ਰੀਬਰਨ, *ਏ ਹੈਂਡਬੁਕ ਆਨ ਦ ਬੁਕ ਆਫ਼ ਅੱਯੂਬ* (ਨਿਊ ਯਾਰਕ: ਯੂਨਾਈਟਡ ਬਾਈਬਲ ਸੋਸਾਇਟੀਜ਼, 1992), 747. [12]ਉਸੇ ਸਥਾਨ ਤੇ, 748. [13]ਉਸੇ ਸਥਾਨ ਤੇ। [14]ਸੈਮੂਏਲ ਰੋਲਸ ਡਰਾਈਵਰ ਅਤੇ ਜੌਰਜ ਬੁਚਨਨ ਗਰੇਅ, *ਏ ਕ੍ਰਿਟੀਕਲ ਐਂਡ ਐਕਸਜੀਟੀਕਲ ਕਮੈਂਟਰੀ ਆਨ ਦ ਬੁਕ ਆਫ਼ ਅੱਯੂਬ*, ਦਿ ਇੰਟਰਨੈਸ਼ਨਲ ਕ੍ਰਿਟੀਕਲ ਕਮੈਂਟਰੀ (ਐਡਿਨਬਰਗ: ਟੀ. ਐਂਡ ਟੀ. ਕਲਾਰਕ, 1921), 357. [15]ਹਾਰਟਲੀ, 526. [16]ਉਸੇ ਸਥਾਨ ਤੇ।